**Orders of Station Allotment, School Librarian**

## ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ. ਨਗਰ
## ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ
## (ਦਫਤਰੀ ਅਮਲਾ ਸ਼ਾਖਾ)

**ਹੁਕਮ ਨੰ.** ਈ-464957/ **DPISE-ME0ESTB/28/2023-** ਦਅ(2)

**ਮਿਤੀ: 13.03.2024**

1.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਸਕੂਲ ਲਾਇਬ੍ਰੇਰੀਅਨ ਦੀਆਂ 57 (ਬੈਕਲਾਗ) ਆਸਾਮੀਆਂ ਭਰਨ ਲਈ ਮਿਤੀ 21.05.2022 ਨੂੰ ਇਸ਼ਤਿਹਾਰ ਦਿੱਤਾ ਗਿਆ ਸੀ। ਇਸ ਉਪਰੰਤ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਦੇ ਹੋਏ ਹੁਕਮ ਮਿਤੀ 06.11.2023 ਰਾਹੀਂ ਸਟੇਸ਼ਨ ਅਲਾਟ ਕੀਤੇ ਜਾ ਚੁੱਕੇ ਹਨ। ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਮਿਤੀ 11.03.2024 ਰਾਹੀਂ ਇਸ ਭਰਤੀ ਅਧੀਨ ਇਕ ਯੋਗ ਉਮੀਦਵਾਰ ਦੀ ਭੇਜੀ ਗਈ ਸਿਫਾਰਸ਼ ਅਨੁਸਾਰ ਵਿਭਾਗ ਵੱਲੋਂ ਇਸ ਉਮੀਦਵਾਰ ਨੂੰ ਦਸਤਾਵੇਜ਼ਾਂ ਦੀ ਸਕਰੂਟਨੀ ਕਰਾਉਣ ਲਈ ਮਿਤੀ 12.03.2024 ਨੂੰ ਵਿਭਾਗ ਵਿਖੇ ਬੁਲਾਇਆ ਗਿਆ ਸੀ। ਉਮੀਦਵਾਰ ਦੇ ਦਸਤਾਵੇਜ਼ਾਂ ਦੀ ਸਕਰੂਟਨੀ ਕਰਨ ਉਪਰੰਤ ਨਿਯੁਕਤੀ/ਪੇਸ਼ਕਸ਼ ਪੱਤਰ ਜਾਰੀ ਕਰਦੇ ਹੋਏ ਸਟੇਸ਼ਨ ਚੋਣ ਕਰਵਾਈ ਜਾ ਚੁੱਕੀ ਹੈ।

2.0 ਇਸ ਨਵ ਨਿਯੁਕਤ ਸਕੂਲ ਲਾਇਬ੍ਰੇਰੀਅਨ ਨੂੰ ਜਾਰੀ ਨਿਯੁਕਤੀ ਪੱਤਰ ਦੀ ਲਗਾਤਾਰਤਾ ਵਿੱਚ ਹੁਣ ਉਹਨਾਂ ਦੇ ਨਾਂ ਸਾਹਮਣੇ ਦਰਸਾਇਆ ਸਟੇਸ਼ਨ ਹੇਠ ਲਿਖੇ ਅਨੁਸਾਰ ਅਲਾਟ ਕੀਤਾ ਜਾਂਦਾ ਹੈ:-

| Sr.No | APPLICATION NO | Name<br>Father's Name | Cat | Category of Recommendation | School Name |
|---|---|---|---|---|---|
| 1 | PSSSBJ13000129 | SANDEEP JOJRA<br>S/D/o DHARAMPAL | ESM<br>BC<br>(SELF) | ESM BC (SELF) | GSSS TALWARA-1<br>DISTRICT- HOSHIARPUR |

3.0 ਸਕੂਲ ਲਾਇਬ੍ਰੇਰੀਅਨ ਦੀ ਭਰਤੀ ਨਾਲ ਸਬੰਧਤ ਵੱਖ ਵੱਖ ਅਦਾਲਤਾਂ ਵਿੱਚ ਚਲ ਰਹੇ ਕੋਰਟ ਕੇਸਾਂ ਦੇ ਭਵਿੱਖ ਵਿੱਚ ਆਉਣ ਵਾਲੇ ਫੈਸਲੇ ਇਸ ਨਿਯੁਕਤੀ ਤੇ ਲਾਗੂ ਹੋਣਗੇ।

4.0 ਉਪਰੋਕਤ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਨੂੰ ਆਪਣੇ ਤਾਇਨਾਤੀ ਵਾਲੇ ਸਥਾਨ ਤੇ ਹਾਜ਼ਰ ਹੋਣ ਸਬੰਧੀ 10 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਤਾਇਨਾਤੀ ਵਾਲੇ ਸਟੇਸ਼ਨ ਤੇ ਆਪਣੀ ਹਾਜ਼ਰੀ ਰਿਪੋਰਟ ਅਤੇ ਮੈਡੀਕਲ ਫਿਟਨੈਸ ਸਰਟੀਫਿਕੇਟ ਸਬੰਧਤ ਸਕੂਲ ਮੁੱਖੀ ਨੂੰ ਪੇਸ਼ ਕਰਨਗੇ। ਉਨ੍ਹਾਂ ਦੀ ਤਨਖਾਹ ਸਕੂਲ ਵਿੱਚ ਹਾਜ਼ਰੀ ਦੀ ਮਿਤੀ ਤੋਂ ਮਿਲਣਯੋਗ ਹੋਵੇਗੀ।

4.0 ਉਪਰੋਕਤ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਸਕੂਲ ਵਿੱਚ ਹਾਜ਼ਰ ਹੋਣ ਸਮੇਂ ਆਪਣੇ ਨਾਲ ਅਪਲਾਈ ਕਰਨ ਦਾ ਸਬੂਤ, ਅਸਲ ਆਧਾਰ ਕਾਡਰ ਅਤੇ ਨਿਯੁਕਤੀ ਪੱਤਰ ਦੀ ਕਾਪੀ ਵੀ ਲੈ ਕੇ ਜਾਣਗੇ।

5.0 ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਵੱਲੋਂ ਆਪਣੀ ਹਾਜ਼ਰੀ ਰਿਪੋਰਟ ਵੱਖਰੇ ਤੌਰ ਤੇ ਡਾਇਰੈਕਟੋਰੇਟ ਨੂੰ ਨਹੀਂ ਭੇਜੀ ਜਾਵੇਗੀ।

6.0 ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਸਕੂਲ ਵਿੱਚ ਹਾਜ਼ਰ ਹੋਣ ਤੋਂ ਪਹਿਲਾਂ ਆਪਣੀ ਹਾਜ਼ਰੀ ਸਬੰਧਤ ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਵਿਖੇ ਦੇਣਗੇ ਅਤੇ ਇਸ ਭਰਤੀ ਨਾਲ ਸਬੰਧਤ ਦਸਤਾਵੇਜ਼ਾਂ ਦੀ ਫਾਈਲ (ਫੋਟੋਕਾਪੀਆਂ) ਤਿਆਰ ਕਰਕੇ ਦਫਤਰ ਵਿਖੇ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣਗੇ।

7.0 ਉਪਰੋਕਤ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਆਪਣੀ ਹਾਜ਼ਰੀ ਉਪਰੰਤ ਆਪਣਾ ਸਾਰਾ ਡਾਟਾ ਈ-ਪੰਜਾਬ ਪੋਰਟਲ ਤੇ 3 ਦਿਨਾਂ ਦੇ ਅੰਦਰ ਅੰਦਰ ਅਪਲੋਡ ਕਰਨਾ ਯਕੀਨੀ ਬਣਾਉਣਗੇ। ਡਾਇਰੈਕਟੋਰੇਟ ਵੱਲੋਂ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨਾਂ ਦੀ ਹਾਜ਼ਰੀ ਸਬੰਧੀ ਰਿਪੋਰਟ ਈ-ਪੰਜਾਬ ਪੋਰਟਲ ਤੋਂ ਹੀ ਪ੍ਰਾਪਤ ਕੀਤੀ ਜਾਵੇਗੀ। ਜੇਕਰ ਕਿਸੇ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਵੱਲੋਂ ਆਪਣਾ ਡਾਟਾ ਈ-ਪੰਜਾਬ ਪੋਰਟਲ ਤੇ 3 ਦਿਨ ਦੇ ਅੰਦਰ ਅੰਦਰ ਅਪਲੋਡ ਨਹੀਂ ਕੀਤਾ ਜਾਂਦਾ ਤਾਂ ਇਹ

ਸਮਝ ਲਿਆ ਜਾਵੇਗਾ ਕਿ ਉਹ ਨੌਕਰੀ ਕਰਨ ਵਿੱਚ ਰੁਚੀ ਨਹੀਂ ਰੱਖਦਾ/ਰੱਖਦੀ, ਇਸ ਲਈ ਉਸ ਨੂੰ ਗੈਰਹਾਜ਼ਰ ਸਮਝਦੇ ਹੋਏ ਉਸ ਦੀਆਂ ਸੇਵਾਵਾਂ ਖਤਮ ਕਰਨ ਲਈ ਕਾਰਵਾਈ ਆਰੰਭੀ ਜਾਵੇਗੀ।

8.0 ਬਾਕੀ ਸ਼ਰਤਾਂ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਨੂੰ ਜਾਰੀ ਨਿਯੁਕਤੀ ਪੱਤਰ ਵਾਲੀਆਂ ਹੀ ਲਾਗੂ ਹੋਣਗੀਆਂ।

**ਪਰਮਜੀਤ ਸਿੰਘ, ਪੀ.ਸੀ.ਐਸ.**
**ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ**

ਪਿੱਠ ਅੰਕਣ ਨੰ.: ਉਕਤ/ **202468366** ਮਿਤੀ, ਐਸ.ਏ.ਐਸ. ਨਗਰ: 13.03.2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਵ ਨਿਯੁਕਤ ਲਾਇਬ੍ਰੇਰੀਅਨ ਤੋਂ ਇਸ ਭਰਤੀ ਨਾਲ ਸਬੰਧਤ ਦਸਤਾਵੇਜ਼ (ਮੈਡੀਕਲ ਫਿਟਨੈਸ ਰਿਪੋਰਟ, ਕੈਟਾਗਰੀ ਸਬੰਧੀ ਸਰਟੀਫਿਕੇਟ, ਵਿਦਿਅਕ ਸਰਟੀਫਿਕੇਟ ਅਤੇ ਹੋਰ ਦਸਤਾਵੇਜ਼) ਪ੍ਰਾਪਤ ਕਰਨ ਉਪਰੰਤ ਹੀ ਸਬੰਧਤ ਸਕੂਲ ਵਿੱਚ ਹਾਜ਼ਰ ਕਰਵਾਇਆ ਜਾਵੇ।
3. ਸਬੰਧਤ ਸਕੂਲ ਮੁੱਖੀ ਨੂੰ ਲਿਖਿਆ ਜਾਂਦਾ ਹੈ ਕਿ ਇਹਨਾਂ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨਾਂ ਨੂੰ ਹਾਜ਼ਰ ਕਰਵਾਉਣ ਸਮੇਂ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨਗੇ:-
   - ਨਵ ਨਿਯੁਕਤ ਲਾਇਬ੍ਰੇਰੀਅਨ ਦਾ ਮੈਡੀਕਲ ਫਿਟਨੈਸ ਸਰਟੀਫਿਕੇਟ ਚੈਕ ਕਰਨਗੇ ਅਤੇ ਫਿਟ ਪਾਏ ਜਾਣ ਉਪਰੰਤ ਹੀ ਨਵ ਨਿਯੁਕਤ ਲਾਇਬ੍ਰੇਰੀਅਨ ਨੂੰ ਜੁਆਇੰਨ ਕਰਵਾਉਣਗੇ।
   - ਨਵ ਨਿਯੁਕਤ ਲਾਇਬ੍ਰੇਰੀਅਨ ਦੇ ਵਿਦਿਅਕ ਯੋਗਤਾ ਸਬੰਧੀ ਮੁਕੰਮਲ ਦਸਤਾਵੇਜ਼ ਅਤੇ ਇਸ ਸਿਲੈਕਸ਼ਨ ਸਬੰਧੀ ਹੋਰ ਦਸਤਾਵੇਜ਼/ਵੇਰਵੇ ਬਾਰਿਕੀ ਨਾਲ ਚੈਕ ਕਰਨਗੇ ਅਤੇ ਸਬੰਧਤ ਸੰਸਥਾ ਤੋਂ ਵੈਰੀਫਾਈ ਕਰਵਾਉਣਗੇ। ਦਸਤਾਵੇਜ਼ ਵੈਰੀਫਿਕੇਸ਼ਨ ਉਪਰੰਤ ਜੇਕਰ ਕਿਸੇ ਕਰਮਚਾਰੀ ਦੀ ਰਿਪੋਰਟ ਠੀਕ ਨਹੀਂ ਪਾਈ ਜਾਂਦੀ ਤਾਂ ਇਸ ਸਬੰਧੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਰਾਹੀਂ ਉਸ ਕਰਮਚਾਰੀ ਦੀ ਰਿਪੋਰਟ ਮੁੱਖ ਦਫਤਰ ਨੂੰ ਭੇਜਣੀ ਯਕੀਨੀ ਬਣਾਉਣਗੇ।
   - ਇਹਨਾਂ ਨੂੰ ਹਾਜ਼ਰ ਕਰਵਾਉਣ ਉਪਰੰਤ ਇਹਨਾਂ ਦਾ ਡਾਟਾ ਈ-ਪੰਜਾਬ ਪੋਰਟਲ ਤੇ ਅਪਲੋਡ ਕਰਵਾਉਣਾ ਯਕੀਨੀ ਬਣਾਉਣਗੇ।
   - ਨਵ ਨਿਯੁਕਤ ਲਾਇਬ੍ਰੇਰੀਅਨ ਦੀ ਹਾਜ਼ਰੀ ਰਿਪੋਰਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪੰਜਾਬ ਨੂੰ ਭੇਜਣੀ ਯਕੀਨੀ ਬਣਾਈ ਜਾਵੇ।
4. ਸਬੰਧਤ ਕਰਮਚਾਰੀ।

13.3.24

**ਸਹਾਇਕ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)**
**(ਦਫਤਰੀ ਅਮਲਾ ਸ਼ਾਖਾ)**